(This question paper contains 2 printed pages)

Roll No.

Sl. No of Question Paper: 5325

Unique Paper Code: 212351

Name of the Paper: Punjabi Discipline A

E

Name of the Course: B. A. (Prog.) Punjabi Discipline

Semester: III

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਨਾਟਕ 'ਕ੍ਰਿਸ਼ਨ' ਦੇ ਵਿਸ਼ੇ ਦੀ ਸਾਰਥਕਤਾ ਉਪਰ ਰੌਸ਼ਨੀ ਪਾਉ। (15)

**ਜਾਂ**

ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਦੇ ਕਲਾਤਮਕ-ਪੱਖ ਬਾਰੇ ਜਾਣਕਾਰੀ ਦਿਉ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦੇ ਸੰਖੇਪ ਉੱਤਰ ਦਿਉ : (10)

(ੳ) ਨਾਟਕ 'ਕ੍ਰਿਸ਼ਨ' ਵਿਚ ਕ੍ਰਿਸ਼ਨ ਦਾ ਕਿਹੋ ਜਿਹਾ ਬਿੰਬ ਉਭਰਦਾ ਹੈ ?

(ਅ) ਕੀ ਨਾਟਕ 'ਕ੍ਰਿਸ਼ਨ' ਵਿਚ ਦਲਿਤ-ਚੇਤਨਾ ਉੱਭਰਦੀ ਹੈ ? ਸਪੱਸ਼ਟ ਕਰੋ।

(ੲ) ਨਾਟਕ 'ਕ੍ਰਿਸ਼ਨ' ਦੀ ਨਾਟਕ-ਕਲਾ ਬਾਰੇ ਸੰਖੇਪ ਚਰਚਾ ਕਰੋ।

3. ਕੀ ਕਹਾਣੀਕਾਰ ਪਰਵੇਜ਼ ਕੌਰ ਸੰਧੂ ਨਾਰੀ-ਸੰਵੇਦਨਾ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਵਿਚ ਸਫ਼ਲ ਹੋਈ ਹੈ ? ਪਾਠ-ਪੁਸਤਕ ਵਿਚੋਂ ਉਦਾਹਰਣਾਂ ਦੇ ਕੇ ਆਪਣਾ ਪੱਖ ਸਪੱਸ਼ਟ ਕਰੋ। (15)

**ਜਾਂ**

ਕਹਾਣੀ-ਸੰਗ੍ਰਹਿ 'ਮੁੱਠੀ ਭਰ ਸੁਪਨੇ' ਵਿਚ ਪੇਸ਼ ਬਿਰਤਾਂਤਕ ਜੁਗਤਾਂ ਦੀ ਵਿਸਤਾਰਪੂਰਵਕ ਚਰਚਾ ਕਰੋ।

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦੇ ਸੰਖੇਪ ਉੱਤਰ ਦਿਉ : (10)

(ੳ) ਪਾਠ-ਪੁਸਤਕ 'ਮੁੱਠੀ ਭਰ ਸੁਪਨੇ' ਵਿਚੋਂ ਕਿਸੇ ਮਨ-ਪਸੰਦ ਕਹਾਣੀ ਦੇ ਕਥਾਨਕ ਉਪਰ ਸੰਖੇਪ ਨੋਟ ਲਿਖੋ।

(ਅ) 'ਸਵਰਗ' ਕਹਾਣੀ ਵਿਚ ਕਿਹੜੇ ਸਵਰਗ ਦੀ ਗੱਲ ਕੀਤੀ ਗਈ ਹੈ ? ਕੀ ਉਹ ਕਹਾਣੀ ਵਿਚਲੇ ਪਾਤਰ ਨੂੰ ਮਿਲ ਜਾਂਦਾ ਹੈ ?

(ੲ) ਪਰਵਾਸੀ-ਚੇਤਨਾ ਤੋਂ ਕੀ ਭਾਵ ਹੈ ? ਇਸ ਪੱਖੋਂ ਕਿਹੜੀ ਕਹਾਣੀ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ ?

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਰੇਡੀਉ ਨਾਟਕ ਤੇ ਟੈਲੀਵਿਜ਼ਨ ਨਾਟਕ ਵਿਚ ਕੀ ਅੰਤਰ ਹੈ ? (5)

**ਜਾਂ**

ਰੇਡੀਉ ਨਾਟਕ ਦੀ ਪੇਸ਼ਕਾਰੀ ਦੀ ਵਿਧੀ ਸਮਝਾਉ।

(ਅ) ਲੋਕ-ਨਾਟਕ ਦੀ ਪਰਿਭਾਸ਼ਾ ਨੂੰ ਉਦਾਹਰਣਾਂ ਸਹਿਤ ਸਪੱਸ਼ਟ ਕਰੋ। (5)

**ਜਾਂ**

ਪੰਜਾਬੀ ਲੋਕ-ਨਾਟਕ ਦੀਆਂ ਕੋਈ ਦੋ ਵੰਨਗੀਆਂ ਉਪਰ ਵਿਚਾਰ ਕਰੋ।

(ੲ) ਨਾਟਕ ਤੇ ਰੰਗਮੰਚ ਦਾ ਕੀ ਸੰਬੰਧ ਹੈ ? ਸੰਖੇਪ ਨੋਟ ਲਿਖੋ। (5)

**ਜਾਂ**

ਨਾਟਕ ਦੀਆਂ ਰੰਗਮੰਚੀ ਜੁਗਤਾਂ ਉਪਰ ਰੌਸ਼ਨੀ ਪਾਉ।

(ਸ) ਕੀ ਪੰਜਾਬੀ ਨਾਟਕ ਤੇ ਰੰਗਮੰਚ ਇਕ-ਦੂਜੇ ਨਾਲ ਅੰਤਰ-ਸੰਬੰਧਤ ਹਨ ? ਸੰਖੇਪ ਜਾਣਕਾਰੀ ਦਿਉ। (10)

**ਜਾਂ**

ਪੰਜਾਬੀ ਰੰਗਮੰਚ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ? ਉਦਾਹਰਣਾਂ ਸਹਿਤ ਸਪੱਸ਼ਟੀਕਰਨ ਦਿਉ।

**—0—**